# ਤਖ਼ਤ ਲਾਹੌਰ ਦਾ



## ਮੇਰੀ ਨਾਟਕ ਡਾਇਰੀ

ਗੁਰਸ਼ਰਨ ਸਿੰਘ

ਨਜਮ ਹੁਸੈਨ ਸਈਅਦ ਦਾ ਦੁੱਲਾ ਭੱਟੀ ਦੀ ਲੋਕ ਗਾਥਾ 'ਤੇ ਅਧਾਰਿਤ ਲਿਖਿਆ ਇਹ ਨਾਟਕ 1975 ਵਿਚ ਹੀ ਮੈਨੂੰ ਉਰਦੂ ਵਿਚ ਮਿਲਿਆ। ਡਾਕਟਰ ਕਰਨੈਲ ਸਿੰਘ ਥਿੰਦ ਇਹਨੂੰ ਲਾਹੌਰ ਤੋਂ ਲਿਆਏ ਸਨ, ਇਹ ਨਾਟਕ ਨਜਮ ਹੁਸੈਨ ਨੇ ਆਯੂਬ ਦੀ ਤਾਨਾਸ਼ਾਹੀ ਦੇ ਪ੍ਰਤੀਕਰਮ ਵਿਚ ਲਿਖਿਆ ਸੀ। ਇਕ ਲੋਕ ਗਾਥਾ ਨੂੰ ਸਮਕਾਲੀ ਸਥਿਤੀ ਉਤੇ ਟਿੱਪਣੀ ਕਰਨ ਲਈ ਕਿਸ ਤਰ੍ਹਾਂ ਪੇਸ਼ ਕੀਤਾ ਜਾ ਸਕਦਾ ਹੈ, ਇਹ ਨਾਟਕ ਉਹਦੀ ਉਘੀ ਮਿਸਾਲ ਹੈ। ਨਜਮ ਹੁਸੈਨ ਨੂੰ ਇਹ ਨਾਟਕ ਲਿਖਣ ਕਰ ਕੇ ਪਾਕਿਸਤਾਨ ਵਿਚ ਹਾਕਮਾਂ ਦੀ ਕਰੋਪੀ ਸਹਿਣੀ ਪਈ ਤੇ ਇਹਨੂੰ ਭਾਰਤ ਵਿਚ ਖੇਡਣ ਦੇ ਕਾਰਨ ਮੈਨੂੰ ਵੀ ਇਸ ਦੀ ਸਜ਼ਾ ਭੁਗਤਣੀ ਪਈ। ਇਸੇ ਕਾਰਨ ਸ਼ਾਇਦ ਇਹ ਕਿਹਾ ਜਾ ਸਕਦਾ ਹੈ ਕਿ ਇਹ ਨਾਟਕ ਪੰਜਾਬ ਦੇ ਦੋਨੋਂ ਖ਼ਿੱਤਿਆਂ ਦੀ ਇਕ ਸਾਂਝੀ ਸੋਚ ਦਾ ਵੀ ਪ੍ਰਤੀਕ ਹੈ।

ਇਸ ਨਾਟਕ ਵਿਚ ਇਕ ਵੱਡਾ ਤੱਥ ਇਹ ਪੇਸ਼ ਕੀਤਾ ਗਿਆ ਹੈ ਕਿ ਤਖ਼ਤ ਲਾਹੌਰ ਦਾ ਹੋਵੇ ਜਾਂ ਤਖਤ ਦਿੱਲੀ ਦਾ, ਹਾਕਮਾਂ ਦੀ ਜ਼ਹਿਨੀਅਤ ਵਿਚ ਕੋਈ ਫਰਕ ਨਹੀਂ ਹੁੰਦਾ। ਉਹ ਹਰ ਵੇਲੇ ਆਪਣੇ ਆਲੇ-ਦੁਆਲੇ ਝੋਲੀ ਚੁੱਕ ਦਰਬਾਰੀਆਂ, ਅਮੀਰਾਂ, ਵਜ਼ੀਰਾਂ ਦਾ ਇਕ ਝੁੰਡ ਇਕੱਠਾ ਰੱਖਦੇ ਹਨ। ਇਹ ਝੋਲੀ ਚੁੱਕ ਉਹੀ ਬੋਲਦੇ ਹਨ, ਜੋ ਬਾਦਸ਼ਾਹਾਂ ਦੇ ਕੰਨ ਸੁਨਣਾ ਚਾਹੁੰਦੇ ਹਨ। ਬਾਦਸ਼ਾਹਾਂ ਦੇ ਖਿਲਾਫ ਕੋਈ ਗੱਲ ਸੁਨਣ ਵੇਲੇ ਉਨ੍ਹਾਂ ਦੇ ਕੰਨ ਉਚੇ ਸੁਣਦੇ ਹਨ ਤੇ ਬਾਦਸ਼ਾਹ ਦੇ ਖਿਲਾਫ ਗੱਲ ਕਰਨ ਵੇਲੇ ਉਨ੍ਹਾਂ ਦੇ ਬੋਲ ਥੱਥਲਾਂਦੇ ਹਨ। ਉਹ ਬਾਦਸ਼ਾਹ ਦੇ ਕੰਨਾਂ ਵਿਚ ਹਰ ਵੇਲੇ ਇਕੋ ਗੱਲ ਪਾਂਦੇ ਹਨ ਕਿ ਉਨ੍ਹਾਂ ਦੀ ਪਰਜਾ ਬੜੀ ਖ਼ੁਸ਼ ਹੈ। ਹਰ ਵੇਲੇ ਬਾਦਸ਼ਾਹ ਦੀ ਜ਼ਿੰਦਾਬਾਦ ਕਰਦੀ ਹੈ। ਇਹ ਸਭ ਕੁਝ ਕਰਨ ਲਈ ਇਨ੍ਹਾਂ ਝੋਲੀ ਚੁੱਕਾਂ ਨੂੰ ਅਯਾਸ਼ੀ ਦੇ ਸਾਰੇ ਸਾਜ਼ੋ ਸਮਾਨ ਮੁਹੱਈਆ ਕੀਤੇ ਜਾਂਦੇ ਹਨ। ਤਾਕਤ ਦੇ ਨਸ਼ੇ ਵਿਚ ਅੰਨ੍ਹੇ ਬਾਦਸ਼ਾਹ ਜ਼ਿੰਦਗੀ ਦੀ ਅਸਲੀਅਤ ਨੂੰ ਨਹੀਂ ਪਛਾਣਦੇ।

ਇਸ ਨਾਟਕ ਵਿਚ ਦੂਜਾ ਵੱਡਾ ਤੱਥ ਇਹ ਪੇਸ਼ ਕੀਤਾ ਗਿਆ ਹੈ ਕਿ ਮਜ਼ਹਬਾਂ ਦੇ ਪੈਗ਼ੰਬਰਾਂ ਨੇ ਸਧਾਰਨ ਲੋਕਾਂ ਦੇ ਹਿੱਤ ਵਿਚ ਜੋ ਮਰਜ਼ੀ ਕਿਹਾ ਜਾਂ ਲਿਖਿਆ ਹੋਵੇ ਬਾਦਸ਼ਾਹਾਂ ਦੇ ਇਸ਼ਾਰੇ ਤੇ ਪਵਿੱਤਰ ਕਿਤਾਬਾਂ ਵਿਚ ਲਿਖੀਆਂ ਹੋਈਆਂ ਸਚਾਈਆਂ ਦੀ ਵਿਆਖਿਆ ਹਮੇਸ਼ਾ ਐਸੀ ਕੀਤੀ ਜਾ ਸਕਦੀ ਹੈ ਕਿ ਮਜ਼ਹਬ ਮੁੱਖ ਤੌਰ 'ਤੇ ਹਾਕਮਾਂ ਦੇ ਹੱਕ ਵਿਚ ਭੁਗਤੇ ਅਤੇ ਅਵਾਮ ਨੂੰ ਬਾਦਸ਼ਾਹਾਂ ਦੇ ਹੁਕਮ ਥੱਲੇ ਜੀਣ ਦਾ ਸਬਕ ਦੇਵੇ। ਇਹਦੇ ਲਈ ਪਵਿੱਤਰ ਕਿਤਾਬਾਂ ਦੀ ਬੋਲੀ ਹਮੇਸ਼ਾ ਵਿਆਖਿਆਕਾਰਾਂ ਦੀ ਸਹਾਈ ਹੁੰਦੀ ਹੈ। ਇਹ ਬੋਲੀ ਅਵਾਮ ਦੀ ਸਮਝ ਤੋਂ ਬਾਹਰ ਹੁੰਦੀ ਹੈ। ਮੁਲਾਣੇ ਇਹਦਾ ਕੋਈ ਵੀ ਅਰਥ ਕੱਢ ਕੇ ਲੋਕਾਂ ਅੱਗੇ ਪੇਸ਼ ਕਰ ਸਕਦੇ ਹਨ। ਜੇ ਲੋਕਾਂ ਨੂੰ ਸਬਕ ਦੇਣ ਦੀ ਲੋੜ ਹੋਵੇ ਕਿ ਉਹ ਇਨਸਾਨੀਅਤ ਦੇ ਨਾਤੇ ਆਪਣੇ ਗੁਆਂਢੀਆਂ ਨਾਲ ਅਮਨ ਸ਼ਾਂਤੀ ਨਾਲ ਰਹਿਣ ਤਾਂ ਵੀ ਪਵਿੱਤਰ ਕਿਤਾਬ ਵਿਚੋਂ ਟੂਕ ਲੱਭੀ ਜਾ ਸਕਦੀ ਹੈ। ਜੇ ਉਨ੍ਹਾਂ ਨੂੰ ਇਹ ਸਬਕ ਦੇਣਾ ਹੋਵੇ ਕਿ ਗਵਾਂਢੀ ਦਾ ਸਿਰ ਪਾੜਨ ਦੀ ਲੋੜ ਹੈ ਤਾਂ ਉਨ੍ਹਾਂ ਦੇ ਜਨੂੰਨ ਨੂੰ ਪੱਠੇ ਪਾਉਣ ਲਈ ਵੀ ਪਵਿੱਤਰ ਕਿਤਾਬ ਚੋਂ ਹੀ ਟੂਕ ਲੱਭੀ ਜਾ ਸਕਦੀ ਹੈ। ਜੇਕਰ ਉਨ੍ਹਾਂ ਨੂੰ ਸਮਝਣਾ ਹੋਵੇ ਕਿ ਉਨ੍ਹਾਂ ਦੀ ਭੁੱਖ ਅਤੇ ਕੰਗਾਲੀ ਪਰਵਰਦਿਗਾਰ ਦੀ ਰਜ਼ਾ ਹੈ ਤੇ ਉਨ੍ਹਾਂ ਨੂੰ ਸ਼ੁਕਰ ਵਿਚ ਰਹਿਣਾ ਚਾਹੀਦਾ ਹੈ ਤਾਂ ਵੀ ਪਵਿੱਤਰ ਕਿਤਾਬ ਵਿਚੋਂ ਟੂਕ ਲੱਭੀ ਜਾ ਸਕਦੀ ਹੈ। ਬਾਦਸ਼ਾਹ ਦੇ ਦੁਸ਼ਮਣਾਂ ਵਿਰੁੱਧ ਜਹਾਦ ਰਚਾਉਣਾ ਹੋਵੇ ਤਾਂ ਪਵਿੱਤਰ ਕਿਤਾਬ ਵਿਚੋਂ ਟੂਕ ਲੱਭਣੀ ਮੁਸ਼ਕਿਲ ਨਹੀਂ ਹੋਵੇਗੀ ਤੇ 'ਜੇ ਦੁਸ਼ਮਣਾਂ' ਦੇ ਖਿਲਾਫ ਸਖੀ ਪਰਿਵਰ ਬਣਨ ਦੀ ਲੋੜ ਹੈ ਤਾਂ ਵੀ ਪਵਿੱਤਰ ਕਿਤਾਬ ਦੀ ਕੋਈ ਟੂਕ ਤੁਹਾਡੀ ਸੇਵਾ ਲਈ ਹਾਜ਼ਰ ਹੋਵੇਗੀ। ਬਾਦਸ਼ਾਹਾਂ ਦੀ ਖਿਦਮਤ ਲਈ ਪਵਿੱਤਰ ਕਿਤਾਬ ਤਾਂ ਹਮੇਸ਼ਾ ਹੀ ਹਾਜ਼ਰ ਹੈ।

ਨਜਮ ਹੁਸੈਨ ਨੇ ਸ਼ਾਹੀ ਮੌਲਾਣੇ ਦੇ ਰੂਪ ਵਿਚ ਜੋ ਪਾਤਰ ਉਸਾਰਿਆ ਹੈ, ਉਹ ਮਜ਼ਹਬ ਦੀ ਬਾਦਸ਼ਾਹ ਦੇ ਹੱਕ ਵਿਚ ਭੁਗਤਣ ਦੀ ਭੂਮਿਕਾ ਬਾਰੇ ਪੂਰੀ ਤਰ੍ਹਾਂ ਚੇਤਨ ਹੈ। ਉਹ ਆਪਣਾ ਫਰਜ਼ ਬੜੀ ਨਿਪੁੰਨਤਾ ਨਾਲ ਨਿਭਾਉਂਦਾ ਹੈ। ਜਨਰਲ ਅਯੂਬ ਵੇਲੇ ਮੌਲਾਣਿਆਂ ਨੇ ਅਯੂਬ ਦੀ ਤਾਨਾਸ਼ਾਹੀ ਦੇ ਹੱਕ ਵਿਚ ਜੋ ਭੂਮਿਕਾ ਨਿਭਾਈ, ਉਹ ਇਸ ਨਾਟਕ ਦੇ ਸੰਵਾਦਾਂ ਵਿਚ ਘੜੀ ਮੁੜੀ ਉਘੜਕੇ ਆਉਂਦੀ ਹੈ। ਇਹ ਸੰਵਾਦ ਅਮੀਰਾਂ ਵਜ਼ੀਰਾਂ ਦੀ ਮਹਿਫਲ ਵਿਚ ਫੜ੍ਹ ਅਤੇ ਸ਼ੇਖੀ ਵਾਕੁਣ ਬੋਲੇ ਜਾਂਦੇ ਹਨ ਤੇ ਬਾਗੀਆਂ ਦੇ ਸਾਹਮਣੇ ਧਮਕੀ ਦੇ ਤੌਰ 'ਤੇ ਬੋਲੇ ਜਾਂਦੇ ਹਨ। ਮੌਲਾਣੇ ਮਜ਼ਹਬੀ ਸ਼ਖਸੀਅਤ ਹੁੰਦੇ ਹੋਏ ਵੀ ਆਪਣੇ ਸਵਾਰਥ ਲਈ ਪੂਰੇ ਕਮੀਨੇ ਹੋ ਨਿਬੜਦੇ ਹਨ। ਅੱਜ ਦੀ ਸਥਿਤੀ ਵਿਚ ਪੰਡਤਾਂ, ਮੌਲਾਣਿਆਂ ਤੇ ਭਾਈਆਂ ਦੇ ਕਿਰਦਾਰ ਸਪਸ਼ਟ ਰੂਪ ਵਿਚ ਨਜ਼ਰ ਆਉਂਦੇ ਹਨ।

ਨਜਮ ਹੁਸੈਨ ਦੀ ਕਲਮ ਦਾ ਇਹ ਕਮਾਲ ਹੈ ਕਿ ਉਹ ਆਪਣੀ ਗੱਲ ਵੀ ਕਹੀ ਜਾ ਰਿਹਾ ਹੈ ਤੇ ਵਿਅੰਗਮਈ ਟਕੋਰਾਂ ਵੀ ਕਰੀ ਜਾ ਰਿਹਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਅਯੂਬ ਦੀ ਹਕੂਮਤ ਨੂੰ ਇਸ ਨਾਟਕੀ ਕ੍ਰਿਤ ਦੀ ਸਚਾਈ ਦੀ ਕੁਝ ਠਹਿਰ ਕੇ ਹੀ ਸਮਝ ਪਈ ਅਤੇ ਫੇਰ ਉਨ੍ਹਾਂ ਨੇ ਨਜਮ ਹੁਸੈਨ ਤੇ ਆਪਣੀ ਕਰੋਪੀ ਵਿਖਾਈ।

ਇਸ ਨਾਟਕ ਦਾ ਤੀਜਾ ਤੱਥ ਹੈ ਕਿ ਸਿੱਖਿਆ ਪ੍ਰਣਾਲੀ ਨੂੰ ਹਮੇਸ਼ਾ ਇਸ ਤਰ੍ਹਾਂ ਤਰਤੀਬ ਦਿੱਤਾ ਜਾਂਦਾ ਹੈ ਕਿ ਤਾਲਬਇਲਮ ਉਹੀ ਪੜਨ ਜੋ ਬਾਦਸ਼ਾਹ ਚਾਹੁੰਦੇ ਹਨ, ਉਨ੍ਹਾਂ ਨੂੰ ਪੜ੍ਹਾਇਆ ਜਾਏ। ਇਲਮ ਦੇ ਮਾਹਿਰਾਂ ਵਲੋਂ ਉਹੋ ਜਿਹੀਆਂ ਕਿਤਾਬਾਂ ਲਿਖਵਾਈਆਂ ਜਾਂਦੀਆਂ ਹਨ ਕਿ ਤਾਲਬਇਲਮ ਆਪਣੇ ਅਤੀਤ ਦੀਆਂ ਗੱਲਾਂ ਹੀ ਯਾਦ ਕਰਦੇ ਰਹਿਣ ਤੇ ਆਪਣੀ ਅੱਜ ਦੀ ਜ਼ਿੰਦਗੀ ਬਾਰੇ ਨਾ ਸੋਚਣ। ਉਨ੍ਹਾਂ ਨੂੰ ਵਾਰ ਵਾਰ ਇਹੀ ਕਿਹਾ ਜਾਏ ਕਿ ਉਨ੍ਹਾਂ ਦਾ ਫਰਜ਼ ਸਿਰਫ ਪੜ੍ਹਨਾ ਹੈ ਹਕੂਮਤ ਦੀਆਂ ਗੱਲਾਂ ਵਿਚ ਉਨ੍ਹਾਂ ਦੀ ਦਖਲਅੰਦਾਜ਼ੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੂੰ ਸ਼ਰਾਰਤੀ ਅਨਸਰਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਤਾਲੀਮ ਬਾਦਸ਼ਾਹ ਦੇ ਹਿੱਤ ਵਿਚ ਭੁਗਤੇ ਇਹ ਕੰਮ ਬਾਦਸ਼ਾਹਾਂ ਨੇ ਆਪ ਨਹੀਂ ਕਰਨਾ ਹੁੰਦਾ। ਇਹ ਕੰਮ ਦਾਨਸ਼ਮੰਦਾਂ ਨੇ ਕਰਨਾ ਹੁੰਦਾ ਹੈ। ਇਹਦੇ ਲਈ ਵੱਡੇ ਤਾਲੀਮੀ ਅਦਾਰੇ ਖੋਲ੍ਹੇ ਜਾਂਦੇ ਹਨ। ਮਾਹਿਰਾਂ ਨੂੰ ਵੱਡੀਆਂ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਉਹ ਆਪਣੀ ਜ਼ਮੀਰ ਦੀ ਆਵਾਜ਼ ਨਾ ਸੁਣਨ, ਸਗੋਂ ਬਾਦਸ਼ਾਹਾਂ ਦੇ ਫ਼ਰਮਾਨ ਹੀ ਸੁਣਨ। ਅਜ ਦੀ ਸਥਿਤੀ ਵਿਚ ਦਾਨਸ਼ਮੰਦ (ਬੁੱਧੀਜੀਵੀ) ਵਰਗ ਜਿਸ ਤਰ੍ਹਾਂ ਖਰੀਦਿਆ ਜਾ ਸਕਦਾ ਹੈ, ਨਜਮ ਹੁਸੈਨ ਨੇ ਵੀ ਇਹਦੀ ਨੰਗੀ ਚਿੱਟੀ ਤਸਵੀਰ ਇਸ ਨਾਟਕ ਵਿਚ ਪੇਸ਼ ਕੀਤੀ ਹੈ।

ਦੁੱਲਾ ਭੱਟੀ ਬਗਾਵਤ ਕਰਦਾ ਹੈ। ਉਹ ਲਾਹੌਰ ਦੇ ਅਮੀਰਾਂ ਵਜ਼ੀਰਾਂ ਵਲੋਂ ਕਿਸਾਨੀ ਦੀ ਲੁੱਟ ਨੂੰ ਤਾਂ ਸਮਝ ਸਕਦਾ ਹੈ। ਬਾਦਸ਼ਾਹ ਦੇ ਹਥਿਆਰਾਂ ਦੀ ਤਾਕਤ ਨੂੰ ਸਮਝ ਸਕਦਾ ਹੈ ਪਰ ਮੌਲਾਣਿਆਂ ਅਤੇ ਦਾਨਸ਼ਮੰਦਾਂ ਦੀ ਭੂਮਿਕਾ ਨੂੰ ਨਹੀਂ ਸਮਝ ਸਕਦਾ ਜੋ ਸਟੇਟ ਪਾਵਰ ਦਾ ਹਿੱਸਾ ਬਣ ਚੁੱਕੇ ਹਨ। ਕਿੱਧਰੇ ਕਿੱਧਰੇ ਉਹਨੂੰ ਮਹਿਸੂਸ ਜ਼ਰੂਰ ਹੁੰਦਾ ਹੈ ਕਿ ਜੋ ਕੁਝ ਉਸ ਨੂੰ ਪੜ੍ਹਾਇਆ ਜਾ ਰਿਹਾ ਹੈ, ਉਸ ਵਿਚ ਕੁਝ ਗ਼ਲਤ ਜ਼ਰੂਰ ਹੈ। ਉਹ ਸਮਝਦਾ ਹੈ ਕਿ ਉਹਦੀ ਆਪਣੀ ਇਕ ਖੁਦਮੁਖਤਿਆਰ ਹਸਤੀ ਹੈ ਤੇ ਉਸ ਦੀ ਪਛਾਣ ਲਈ ਬਾਪ ਦਾਦੇ ਦਾ ਆਸਰਾ ਲੈਣਾ ਜ਼ਰੂਰੀ ਨਹੀਂ। ਇਕ ਬੜਾ ਭਾਵਪੂਰਕ ਸੰਵਾਦ ਉਹ ਆਪਣੇ ਉਸਤਾਦ ਨਾਲ ਰਚਾਉਂਦਾ ਹੈ:

ਉਸਤਾਦ : ਉਠ ਪੁੱਤ ਫਰੀਦ ਦਿਆ, ਸਬਕ ਸੁਣਾ।

ਦੁੱਲਾ : ਮੀਆਂ ਜੀ, ਮੈਨੂੰ ਮੇਰੇ ਨਾਂ ਨਾਲ ਬੁਲਾ।

ਦੁੱਲੇ ਦੀ ਬਗਾਵਤ ਨਾਕਾਮਯਾਬ ਹੁੰਦੀ ਹੈ। ਇਹ ਵੀ ਇਕ ਸੱਚ ਹੈ ਕਿ ਨਜਮ ਹੁਸੈਨ ਇਸ ਨਾਟਕ ਵਿਚ ਅੱਜ ਦੇ ਦੁੱਲਿਆਂ ਨੂੰ ਸੰਬੋਧਨ ਹੈ ਕਿ ਉਹ ਹਾਕਮਾਂ ਦੀਆਂ ਚਾਲਾਂ ਨੂੰ ਸਮਝਣ। ਅਵਾਮ ਦੀ ਬਿਹਤਰੀ ਲਈ ਸਾਰੀਆਂ ਉਨ੍ਹਾਂ ਸੰਸਥਾਵਾਂ ਦੀ ਪੜਚੋਲ ਦੀ ਲੋੜ ਹੈ, ਜੋ ਪ੍ਰਬੰਧ ਦਾ ਹਿੱਸਾ ਹਨ ਭਾਵੇਂ ਉਹ ਸੰਸਥਾਵਾਂ ਵਿਦਿਅਕ ਹਨ, ਧਾਰਮਿਕ ਹਨ ਸਮਾਜ ਭਲਾਈ ਦੀਆਂ ਹਨ, ਯਤੀਮਖਾਨੇ ਹਨ, ਕੁਤੱਬ ਖਾਨੇ ਹਨ ਜਾਂ ਅਜਾਇਬ ਘਰ ਹਨ।

ਪਿੱਛੋਂ ਲਿਖਿਆ ਨੋਟ : ਮੈਂ ਇਹ ਨਾਟਕ 12 ਸਤੰਬਰ 1975, ਗਾਂਧੀ ਗਰਾਊਂਡ ਅੰਮ੍ਰਿਤਸਰ ਵਿਖੇ ਖੇਡਿਆ। ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਸਾਰੇ ਕਲਾਕਾਰਾਂ ਨੇ ਜਿਨ੍ਹਾਂ ਵਿਚ ਹਰਭਜਨ ਜੱਬਲ, ਵੇਦ ਸ਼ਰਮਾ, ਸਰਦਾਰਜੀਤ ਬਾਵਾ, ਸੁਖਬੀਰ, ਚੋਪੜਾ ਬੀ.ਪੀ. ਸਿੰਘ ਆਦਿ ਸ਼ਾਮਲ ਸਨ, ਬੜੀ ਹੀ ਮਿਹਨਤ ਅਤੇ ਸੁਚੱਜੇ ਢੰਗ ਨਾਲ ਇਸ ਨੂੰ ਖੇਡਿਆ। 19 ਸਤੰਬਰ 1975 ਧਾਰਾ 311 (2) ਦੇ ਅਧੀਨ ਮੈਨੂੰ ਨੌਕਰੀ ਤੋਂ ਬਰਖਾਸਤ ਕੀਤਾ ਗਿਆ। ਮੈਂ ਨਿਮਾਣਾ ਜਿਹਾ ਮਾਣ ਕਰ ਸਕਦਾ ਹਾਂ ਕਿ ਨਜਮ ਹੁਸੈਨ ਦੀ ਤਾਨਾਸ਼ਾਹੀ ਦੇ ਵਿਰੁੱਧ ਦੀ ਅਵਾਜ਼ ਨਾਲ ਮੈਂ ਆਪਣੀ ਆਵਾਜ਼ ਰਲਾਈ। ਇਸ ਨਾਟਕ ਦੇ ਦੌਰਾਨ ਹੀਂ ਮੈਂ ਸਟੇਜ ਤੋਂ ਆਪਣੇ ਕਮਿਊਨਿਸਟ ਸਾਥੀਆਂ ਨੂੰ ਇਕ ਅਪੀਲ ਕੀਤੀ ਸੀ ਕਿ ਉਹ ਆਪਣੀ ਸ਼ਬਦਾਵਲੀ ਵਿਚੋਂ ਡਿਕਟੇਟਰਸ਼ਿਪ ਦਾ ਸ਼ਬਦ ਕੱਢ ਦੇਣ ਕਿਉਂਕਿ ਇਹ ਸ਼ਬਦ ਹੁਣ ਕਾਰਲ ਮਾਰਕਸ ਵਲੋਂ ਵਰਤੇ ਗਏ 'ਪ੍ਰੋਲਤਾਰੀ ਦੇ ਹਿੱਤ ਵਿਚ ਭੁਗਤਨ' ਦੀ ਥਾਂ ਤਾਨਾਸ਼ਾਹੀ ਦਾ ਅਰਥ ਧਾਰਨ ਕਰ ਚੁੱਕਿਆ ਹੈ। ਮੇਰੀ ਇਹ ਚਿਤਾਵਨੀ 17 ਸਾਲਾਂ ਬਾਅਦ ਸੱਚ ਸਾਬਤ ਹੋਈ ਜਦੋਂ ਰੂਸ ਅਤੇ ਪੂਰਬੀ ਯੂਰਪ ਵਿਚ ਲੋਕਾਂ ਦੇ ਰੋਹ ਦਾ ਇਕ ਕਾਰਨ 'ਕਮਿਊਨਿਸਟ ਪਾਰਟੀ ਦੀ ਡਿਕਟੇਟਰਸ਼ਿਪ' ਦੇ ਰੂਪ ਵਿਚ ਸਾਹਮਣੇ ਆਇਆ ਹੈ।



'ਤਖ਼ਤ ਲਾਹੌਰ ਦਾ' ਦਾ ਇਕ ਦ੍ਰਿਸ਼